Tel: 604.596.7733
www.sd36.bc.ca

# ਭਿੰਨਤਾ ਨੂੰ ਸਮਝਣਾ

## Understanding differences

ਸਰ੍ਹੀ ਸਕੂਲ ਡਿਸਟਰਿਕਟ ਸਾਰੇ ਬੱਚਿਆਂ ਦੀਆਂ ਭਿੰਨਤਾਂ ਨੂੰ ਸਕੂਲ਼ਾਂ ਦੇ ਭਾਈਚਾਰੇ ਵਿੱਚ ਸ਼ਾਮਿਲ ਕਰਨ ਦਾ ਪ੍ਰਣ ਕਰਦੀ ਹੈ । ਓਹ ਸਕੂਲ ਜੋ ਹਰ ਇੱਕ ਨੂੰ ਸ਼ਾਮਿਲ ਕਰਨ, ਓਹ ਹਰ ਤਰਾਂ ਦੇ ਬੱਚੇ ਨੂੰ ਸਕੂਲ ਵਿੱਚ ਪੜ੍ਹਨ ਲਈ ਅਤੇ ਸਿੱਖਣ ਲਈ ਓਸ ਬੱਚੇ ਦੀ ਭਿੰਨਤਾ ਦੇ ਕਦਰਦਾਨ ਹਨ । ਇਹਨਾਂ ਬੱਚਿਆਂ ਵਿੱਚ ਹੀ ਓਹ ਬੱਚੇ ਹਨ ਜਿਹੜੇ ਆਮ ਬੱਚਿਆਂ ਨਾਲੋਂ ਕਿਸੇ ਵੀ ਕਾਰਨ ਵੱਖਰੇ ਹੋ ਸਕਦੇ ਹਨ ।

ਕਈ ਵਾਰ ਇਹ ਬੱਚੇ ਜੋ ਆਮ ਵਿਦਿਆਰਥੀਆਂ ਨਾਲੋਂ ਵੱਖਰੇ ਹਨ ਅਤੇ ਆਪਣੇ ਵਰਤਾਓ ਵਿੱਚ ਇਤਰਾਜ਼ ਯੋਗ ਹਰਕਤਾਂ ਕਰਦੇ ਹਨ ਤਾਂ ਕਈ ਵਾਰ ਇਹ ਹੁੰਦਾ ਹੈ ਕਿ ਇਹਨਾਂ ਨੂੰ, ਮਾਣਸਿਕ ਜਾਂ ਸਰੀਰਕ ਤੌਰ ਓਪਰ, ਦੂਸਰਿਆਂ ਨਾਲ ਮਿਲਣ ਜੁਲਣ ਵਿੱਚ ਮੁਸ਼ਕਿਲ ਆਓਂਦੀ ਹੈ । ਇਹਨਾਂ ਦੀ ਆਪਣੀ ਸਮਝਣ ਜਾਂ ਬਣਤਰ ਕਾਰਨ ਕਈ ਵਾਰ ਦੂਸਰਿਆਂ ਨਾਲ ਸਧਾਰਣ ਰਿਸ਼ਤੇ ਬਣਾਓਣ ਵਿੱਚ ਦਿੱਕਤ ਆਓਂਦੀ ਹੈ ।

ਜਦੋਂ ਇਸ ਤਰਾਂ ਦੀ ਹਾਲਤ ਬਣ ਜਾਵੇ ਤਾਂ ਇਹਨਾਂ ਬੱਚਿਆਂ ਦੇ ਦੁਆਲੇ ਅਧਿਆਪਕ ਜਾਂ ਹੋਰ ਕਰਮਚਾਰੀ ਹੁੰਦੇ ਹਨ ਜੋ ਇਹਨਾਂ ਨੂੰ ਸਾਂਭਣ ਲਈ ਸਿਖਿਅਤ ਹੁੰਦੇ ਹਨ । ਕਈ ਵਾਰ ਇਸ ਸੰਭਾਲ ਦੌਰਾਨ ਕਈ ਵਾਰ ਓਹ ਕਰਨਾ ਪੈਂਦਾ ਹੈ ਜੋ ਆਮ ਬੱਚਿਆਂ ਦੀ ਸਭੰਾਲ ਵਿੱਚ ਪ੍ਰਯੋਗ ਨਾ ਕੀਤਾ ਜਾਂਦਾ ਹੋਵੇ । ਇਸ ਤਰਾਂ ਦੇ ਮੌਕਿਆਂ ਲਈ ਅਸੀਂ ਤੁਹਾਡੀ ਸ਼ਹਿਨਸ਼ੀਲਤਾ ਅਤੇ ਆਸਰੇ ਦਾ ਸਨਮਾਨ ਕਰਦੇ ਹਾਂ ਤਾਂ ਕਿ ਅਸੀਂ ਇੱਕ ਸਤਿਕਾਰ ਭਰਪੂਰ ਅਤੇ ਸਭ ਦੇ ਆਸਰੇ ਵਾਲਾ ਵਾਤਾਵਰਨ ਬਣਾਓਣ ਵਿੱਚ ਸਫਲ ਹੋ ਸਕੀਏ ।

